ਸੱਤਵੀਂ ਪੰਜਾਬੀ

ਪਾਠ - 5 ਮਾਂ ਦਾ ਪਿਆਰ

ਔਖੇ ਸ਼ਬਦਾਂ ਦੇ ਅਰਥ

ਔਲਾਦ : ਸੰਤਾਨ, ਉਲਾਦ।
ਸੱਧਰਾਂ : ਇਛਾਵਾਂ, ਰੀਝਾਂ।
ਔਕੜਾਂ : ਮੁਸੀਬਤਾਂ, ਮੁਸ਼ਕਲਾਂ।
ਸਦਕੜੇ ਜਾਣਾ : ਕੁਰਬਾਨ ਹੋਣਾ, ਵਾਰੇ ਜਾਣਾ।
ਦੁਲਾਰਦੀ : ਪਿਆਰ ਕਰਦੀ।
ਬਹੁੜੀ : ਮਦਦ ਲਈ ਕੀਤੀ ਪੁਕਾਰ
ਸਰਫ਼ਾ ਕਰਨਾ : ਕੰਜੂਸੀ ਕਰਨੀ

ਅਭਿਆਸ ਪ੍ਰਸ਼ਨ

ਪ੍ਰ. 1. ਮਾਂ ਆਪਣੀ ਔਲਾਦ ਲਈ ਕੀ-ਕੀ ਕਰਦੀ ਹੈ?
ਉੱਤਰ - ਔਲਾਦ ਲਈ ਮਾਂ ਗੁਰੂਆਂ - ਪੀਰਾਂ ਤੇ ਦੇਵੀ-ਦੇਵਤਿਆਂ ਅੱਗੇ ਮੰਨਤਾਂ ਮੰਨਦੀ ਹੈ।

ਪ੍ਰ. 2. ਮਾਂ ਬੱਚੇ ਦਾ ਪਾਲਣ - ਪੋਸ਼ਣ ਕਿਸ ਤਰ੍ਹਾਂ ਕਰਦੀ ਹੈ?
ਉੱਤਰ – ਮਾਂ ਲਾਡ - ਪਿਆਰ ਕਰਦੀ ਹੋਈ ਰੀਝਾਂ ਤੇ ਸਧਰਾਂ ਨਾਲ਼ ਬੱਚੇ ਦਾ ਪਾਲਣ - ਪੋਸ਼ਣ ਕਰਦੀ ਹੈ। ਉਹ ਉਸ ਦੇ ਬਿਮਾਰ ਹੋਣ ਦੀ ਸੂਰਤ ਵਿੱਚ ਉਸ ਦੇ ਦੁਆ - ਦਾਰੂ ਉੱਤੇ ਪਾਣੀ ਵਾਂਗ ਪੈਸਾ ਰੋੜ੍ਹ ਦਿੰਦੀ ਹੈ।

ਪ੍ਰ. 3. ਬੱਚੇ ਤੇ ਕੋਈ ਦੁੱਖ ਆ ਜਾਵੇ, ਤਾਂ ਮਾਂ ਕੀ ਕਰਦੀ ਹੈ?
ਉੱਤਰ - ਜਦ ਬੱਚੇ ਤੇ ਕੋਈ ਦੁੱਖ ਆਉਂਦਾ ਹੈ ਤਾਂ ਮਾਂ ਪੁਕਾਰਦੀ ਹੈ ਕਿ ਕੋਈ ਉਸ ਦਾ ਦੁੱਖ ਦੂਰ ਕਰਨ ਲਈ ਬਹੁੜੇ। ਉਹ ਉਸ ਨੂੰ ਰਾਜ਼ੀ - ਖ਼ੁਸ਼ੀ ਦੇਖਣ ਲਈ ਉਸ ਦੇ ਇਲਾਜ ਕਰਵਾਉਣ ਵਿੱਚ ਰਤਾ ਵੀ ਕੰਜੂਸੀ ਨਹੀਂ ਕਰਦੀ।

ਪ੍ਰ. 4. ਮਾਂ ਨੂੰ 'ਆਂਦਰਾਂ ਦਾ ਸਾਕ' ਕਿਉਂ ਕਿਹਾ ਜਾਂਦਾ ਹੈ?
ਉੱਤਰ – ਮਾਂ ਨੇ ਬੱਚੇ ਨੂੰ ਆਪਣੇ ਪੇਟ ਵਿੱਚ ਰੱਖ ਕੇ ਆਪਣੇ ਖ਼ੂਨ ਨਾਲ਼ ਪਾਲ਼ਿਆ ਤੇ ਫਿਰ ਜਨਮ ਦਿੱਤਾ



Scanned by CamScanner

ਹੁੰਦਾ ਹੈ, ਇਸ ਕਰਕੇ ਉਸ ਨੂੰ 'ਆਂਦਰਾਂ ਦਾ ਸਾਕ' ਕਿਹਾ ਜਾਂਦਾ ਹੈ।

ਸਹਿ - ਵਿਦਿਅਕ ਕਿਰਿਆਵਾਂ

1. ਵਾਕਾਂ ਵਿੱਚ ਵਰਤੋ - ਚੁੰਮਣਾ - ਚੱਟਣਾ, ਕਲੇਜੇ ਨੂੰ ਠਾਰਨਾ, ਔਕੜਾਂ, ਲੋਰੀਆਂ, ਚਾਅ- ਮਲ੍ਹਾਰ, ਰੋਗ ਧੋਣਾ, ਆਂਦਰਾਂ ਦਾ ਸਾਕ, ਪਿਆਰ ਦੀ ਪੁਤਲੀ, ਉੱਚੇ ਸਾਹ ਲੈਣਾ।
2. ਪਾਠ ਦੇ ਅਧਾਰ ਤੇ ਕਾਵਿ - ਸਤਰਾਂ ਪੂਰੀਆਂ ਕਰੋ -

(ੳ) ਸੱਚ ਪੁੱਛੋ ਤਾਂ ਏਸ ਔਲਾਦ ਪਿੱਛੇ;
ਲੱਖਾਂ ਮਨ ਵਿੱਚ ਮੰਨਤਾਂ ਧਾਰਦੀ ਮਾਂ।

(ਅ) ਰੀਝਾਂ, ਸੱਧਰਾਂ ਨਾਲ ਉਹ ਪਾਲਦੀ ਏ,
ਸਿਰ'ਤੇ ਔਕੜਾਂ ਲੱਖ ਸਹਾਰਦੀ ਮਾਂ।

(ੲ) ਰਿੜ੍ਹਦਾ ਵੇਖ ਕੇ, ਖਿੜਦਾ ਏ ਚਿੱਤ ਉਸਦਾ,
ਫੜ - ਫੜ ਬਾਹਵਾਂ ਨੂੰ, ਫੇਰ ਖਲ੍ਹਾਰਦੀ ਮਾਂ।

(ਸ) ਸੁਣੇ 'ਵਾਜ ਤੇ ਸਾਹ ਵਿੱਚ ਸਾਹ ਆਵੇ,
ਮਿਰਚਾਂ ਲੈ ਕੇ ਸਿਰ ਤੋਂ ਵਾਰਦੀ ਮਾਂ।

3. ਤੁਹਾਡੇ ਮਾਤਾ ਜੀ ਤੁਹਾਨੂੰ ਕਿੰਨਾ ਪਿਆਰ ਕਰਦੇ ਹਨ, ਇਸ ਬਾਰੇ ਕੋਈ ਕਵਿਤਾ, ਗੀਤ ਜਾਂ ਲੇਖ ਲਿਖੋ।

Scanned by CamScanner